# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 05-11-2024**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਭਾਰਤ, ਧੰਮ ਦੀ ਪਵਿੱਤਰ ਭੂਮੀ ਏ ਅਤੇ ਹਰ ਯੁੱਗ ਵਿੱਚ ਮਹਾਨ ਗੁਰੂ ਅਤੇ ਰਹੱਸਵਾਦੀ ਹੋਏ ਨੇ।

ਅੱਜ ਨਵੀਂ ਦਿੱਲੀ ਵਿੱਚ ਪਹਿਲੇ ਏਸ਼ੀਅਨ ਬੋਧੀ ਸੰਮੇਲਨ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ, ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਭਗਵਾਨ ਬੁੱਧ, ਇਹਨਾਂ ਰਾਹ ਦਸੇਰੇਆਂ ਵਿੱਚ ਇੱਕ ਵਿਲੱਖਣ ਸਥਾਨ ਰੱਖਦੇ ਨੇ। ਉਨ੍ਹਾਂ ਉਜਾਗਰ ਕੀਤਾ ਕਿ ਬੋਧ ਗਯਾ ਵਿੱਚ, ਬੋਧੀ ਰੁੱਖ ਦੇ ਹੇਠਾਂ ਸਿਧਾਰਥ ਗੌਤਮ ਦਾ ਗਿਆਨ, ਇਤਿਹਾਸ ਵਿੱਚ ਇੱਕ ਅਨੋਖੀ ਘਟਨਾ ਏ । ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਅੱਜ ਵਿਸ਼ਵ ਕਈ ਮੋਰਚਿਆਂ 'ਤੇ ਹੋਂਦ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਏ , ਬੋਧੀ ਭਾਈਚਾਰੇ ਕੋਲ ਮਨੁੱਖਤਾ ਨੂੰ ਦੇਣ ਲਈ ਬਹੁਤ ਕੁਝ ਏ। ਰਾਸ਼ਟਰਪਤੀ ਨੇ ਏਸ਼ੀਆ ਨੂੰ ਮਜ਼ਬੂਤ

ਕਰਨ ਵਿੱਚ ਬੁੱਧ ਧਰਮ ਦੀ ਭੂਮਿਕਾ ਬਾਰੇ ਚਰਚਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਇਹ ਏਸ਼ੀਆ ਅਤੇ ਵਿਸ਼ਵ ਵਿੱਚ ਅਸਲ ਸ਼ਾਂਤੀ  ਲਿਆ ਸਕਦਾ ਏ । ਉਨ੍ਹਾਂ  ਕਿਹਾ ਕਿ ਬੁੱਧ ਧਰਮ ਦਾ ਪ੍ਰਮੁੱਖ ਸੰਦੇਸ਼, ਸ਼ਾਂਤੀ ਅਤੇ ਅਹਿੰਸਾ 'ਤੇ ਕੇਂਦ੍ਰਿਤ ਏ  ਅਤੇ ਉਨ੍ਹਾਂ ਇਸ ਗੱਲ ਨੂੰ ਉਜਾਗਰ ਕੀਤਾ ਕਿ ਵਿਸ਼ਵ ਨੂੰ ਅੱਜ ਦਇਆ ਦੀ ਲੋੜ ਹੈ। ਜ਼ਿਕਰਯੋਗ ਸੱਭਿਆਚਾਰ ਮੰਤਰਾਲਾ, ਅੰਤਰ-ਰਾਸ਼ਟਰੀ ਬੋਧੀ ਕਨਫੈਡਰੇਸ਼ਨ ਦੇ ਸਹਿਯੋਗ ਨਾਲ, ਬੁੱਧ ਧਰਮ ਦਾ ਸਨਮਾਨ ਕਰਨ ਲਈ ਦੋ ਦਿਨਾਂ ਸੰਮੇਲਨ ਦਾ ਆਯੋਜਨ ਕਰ ਰਿਹਾ ਏ , ਇਹ ਇੱਕ ਪ੍ਰਾਚੀਨ ਰਿਵਾਇਤ ਏ ਜੋ ਨਾ ਸਿਰਫ਼ ਇਸਦੀਆਂ ਸਰਹੱਦਾਂ ਦੇ ਅੰਦਰ ਵਧੀ ਏ , ਸਗੋਂ ਵੱਖ-ਵੱਖ ਦੇਸ਼ਾਂ ਵਿੱਚ ਵੀ ਫੈਲੀ ਏ । ਸੰਮੇਲਨ ਦਾ ਵਿਸ਼ਾ "ਏਸ਼ੀਆ ਨੂੰ ਮਜ਼ਬੂਤ ਕਰਨ ਵਿੱਚ ਬੁੱਧ ਧੰਮ ਦੀ ਭੂਮਿਕਾ"  ਰੱਖਿਆ ਗਿਆ ਏ ।

---

ਕੈਨੇਡਾ ਵਿਚ ਇੱਕ ਹਿੰਦੂ ਮੰਦਰ ਉੱਤੇ ਕੀਤੇ ਗਏ ਹਮਲੇ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਖ਼ਤ ਨਿਖੇਧੀ ਕੀਤੀ ਏ। ਇੱਕ ਸੋਸ਼ਲ

ਮੀਡੀਆ ਪੋਸਟ ਵਿਚ, ਪ੍ਰਧਾਨ ਮੰਤਰੀ ਨੇ ਕਿਹੈ ਕਿ ਹਿੰਸਾ ਦੀਆਂ ਅਜਿਹੀਆਂ ਕਾਰਵਾਈਆਂ ਦੇਸ਼ ਦੇ ਸੰਕਲਪ ਨੂੰ ਕਦੇ ਵੀ ਕਮਜ਼ੋਰ ਨਹੀਂ ਕਰ ਸਕਦੀਆਂ। ਸ੍ਰੀ ਮੋਦੀ ਨੇ ਕੈਨੇਡੀਅਨ ਸਰਕਾਰ ਨੂੰ ਨਿਆਂ ਯਕੀਨੀ ਬਣਾਉਣ ਅਤੇ ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਲਈ ਕਿਹਾ ਏ।

--------------------------------------------------------------------------

ਸੂਰਜ ਪੂਜਾ ਦਾ ਸਭ ਤੋਂ ਵੱਡਾ ਤਿਉਹਾਰ ਛਠ, ਅੱਜ ਦੇਸ਼ ਭਰ 'ਚ ਨਹਾਏ-ਖਾਏ ਨਾਲ ਸ਼ੁਰੂ ਹੋ ਗਿਆ ਏ। ਛਠ ਪੂਜਾ ਦੇ ਇਨਾਂ ਚਾਰ ਦਿਨਾਂ ਦੌਰਾਨ, ਵਰਤ ਰਖਣ ਵਾਲੇ ਸ਼ਰਧਾਲੂ, ਨਦੀਆਂ ਅਤੇ ਹੋਰ ਜਲ ਸਰੋਤਾਂ ਵਿਚ ਇਸ਼ਨਾਨ ਕਰਨਗੇ ਤੇ ਸੂਰਜ ਦੇਵਤਾ ਨੂੰ ਜਲ ਨਾਲ ਅਰਘ ਦੇਣਗੇ। ਭਲਕੇ ਲੋਹੰਡਾ ਖਰਨਾ ’ਤੇ ਵ੍ਰਤੀ ਪੂਰਾ ਦਿਨ ਵਰਤ ਰੱਖਣਗੇ ਤੇ ਸ਼ਾਮ ਨੂੰ ਸੂਰਜ ਦੇਵਤਾ ਨੂੰ ਮੱਥਾ ਟੇਕਣ ਤੋਂ ਬਾਅਦ ਪ੍ਰਸ਼ਾਦ ਗ੍ਰਹਿਣ ਕਰਨਗੇ। ਇਵੇਂ ਹੀ ਵੀਰਵਾਰ ਸ਼ਾਮ ਨੂੰ ਡੁੱਬਦੇ ਸੂਰਜ ਤੇ ਸ਼ੁੱਕਰਵਾਰ ਨੂੰ ਚੜ੍ਹਦੇ ਸੂਰਜ ਨੂੰ ਅਰਘ ਦੇ ਕੇ ਸਮਾਪਤ ਹੋਵੇਗੀ।

--------------------------------------------------------------------------

ਭਾਰਤੀ ਰੇਲਵੇ ਅੱਜ ਦਿੱਲੀ-ਐਨਸੀਆਰ ਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਲਈ ਲਗਭਗ 22 ਤਿਉਹਾਰ ਵਿਸ਼ੇਸ਼ ਰੇਲ ਗੱਡੀਆਂ ਚਲਾ ਰਿਹਾ ਏ। ਇਨ੍ਹਾਂ ਸਹਰਸਾ, ਜੈਨਗਰ, ਪਟਨਾ, ਮੁਜ਼ੱਫਰਪੁਰ, ਗੋਰਖਪੁਰ, ਦਰਭੰਗਾ,

ਸਿਕੰਦਰਾਬਾਦ ਅਤੇ ਮਾਲਦਾ ਟਾਊਨ ਲਈ ਵਿਸ਼ੇਸ਼ ਰੇਲ ਗੱਡੀਆਂ ਸ਼ਾਮਲ ਨੇ। ਰੇਲਵੇ ਅਨੁਸਾਰ, ਛਠ ਪੂਜਾ ਦੌਰਾਨ ਨਿਰਵਿਘਨ ਯਾਤਰਾ ਯਕੀਨੀ ਬਣਾਉਣ ਲਈ ਏਸ ਮਹੀਨੇ ਦੀ 2 ਤੋਂ 8 ਤਰੀਕ ਤੱਕ 145 ਵਾਧੂ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾ ਰਹੀਆਂ ਨੇ।

------------------------------------------------------------------------------

ਪੰਜਾਬ ਵਿਚ ਨਵੇਂ ਚੁਣੇ ਸਰਪੰਚਾਂ ਨੂੰ ਸਹੁੰ ਚੁਕਾਉਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਨੇ। ਸਹੁੰ ਚੁੱਕ ਸਮਾਗਮ, 8 ਨਵੰਬਰ ਨੂੰ, ਲੁਧਿਆਣਾ ਦੀ ਸਾਈਕਲ ਵੈਲੀ ਵਿਖੇ ਕਰਵਾਉਣ ਦਾ ਫੈਸਲਾ ਕੀਤਾ ਗਿਆ ਏ। ਇਸ ਇਕੱਠ ਲਈ ਕਰੀਬ 40 ਏਕੜ ਰਕਬੇ ਵਿਚ ਪੰਡਾਲ ਬਣਾਇਆ ਜਾਵੇਗਾ। ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੀ ਸ਼ਾਮਲ ਹੋਣਗੇ। ਇਸ ਦੌਰਾਨ 19 ਜ਼ਿਲ੍ਹਿਆਂ ਦੇ 10031 ਸਰਪੰਚਾਂ ਨੂੰ ਸਹੁੰ ਚੁਕਾਈ ਜਾਵੇਗੀ। ਜਿਨਾਂ ਚਾਰ ਜ਼ਿਲ੍ਹਿਆਂ ਵਿਚ ਜਿਮਨੀ ਚੋਣਾਂ ਹੋਣੀਆਂ ਨੇ, ਉਥੋਂ ਦੇ ਸਰਪੰਚਾਂ ਨੂੰ ਬਾਅਦ ਵਿਚ ਸਹੁੰ ਚੁਕਾਈ ਜਾਵੇਗੀ। ਹਾਲਾਂਕਿ ਦੂਜੇ ਪੜਾਅ ਵਿਚ ਪੰਚਾਇਤ ਮੈਂਬਰਾਂ ਨੂੰ ਜ਼ਿਲ੍ਹਾਵਾਰ ਸਹੁੰ ਚੁਕਾਈ

ਜਾਵੇਗੀ।

---------------------------------------------------------------------

ਆਈਏਐਸ ਅਫਸਰ ਦੇ ਪੁੱਤਰ ਬਲਵੰਤ ਸਿੰਘ ਮੁਲਤਾਨੀ ਦੇ 33 ਸਾਲ ਪੁਰਾਣੇ ਕਤਲ ਕੇਸ ਵਿਚ ਪੰਜਾਬ ਪੁਲਿਸ ਦੇ ਸਾਬਕਾ ਡੀ. ਜੀ. ਪੀ. ਸੁਮੇਧ ਸੈਣੀ ਖ਼ਿਲਾਫ਼ ਦਰਜ ਕੀਤੇ ਮੁਕਦਮੇ ਦੀ ਚਾਰ ਸਾਲਾਂ ਬਾਅਦ ਸੁਣਵਾਈ ਸ਼ੁਰੂ ਹੋ ਗਈ ਹੈ। ਮਾਮਲੇ ਦੀ ਜਾਂਚ ਕਰ ਰਹੀ ਐਸਆਈਟੀ ਨੇ ਦਸੰਬਰ 2020 ਵਿੱਚ ਸੈਣੀ ਖ਼ਿਲਾਫ਼ ਕਤਲ ਸਮੇਤ 7 ਧਾਰਾਵਾਂ ਤਹਿਤ ਚਾਰਜਸ਼ੀਟ ਦਾਖ਼ਲ ਕੀਤੀ ਸੀ। ਉਸ ਚਾਰਜਸ਼ੀਟ ਦੀ ਕਾਪੀ ਬੀਤੇ ਕਲ ਸੋਮਵਾਰ ਨੂੰ ਮੁਹਾਲੀ ਅਦਾਲਤ ਵਿੱਚ ਸੈਣੀ ਦੇ ਵਕੀਲਾਂ ਅਤੇ ਸਾਬਕਾ ਡੀਐਸਪੀ ਕੇਆਈਪੀ ਨੂੰ ਸੌਂਪੀ ਗਈ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 26 ਨਵੰਬਰ ਲਈ ਤੈਅ ਕੀਤੀ ਗਈ ਹੈ।

---------------------------------------------------------------------

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸੂਬੇ ਦੀਆਂ ਵਖ ਵਖ ਮੰਡੀਆਂ ਵਿਚ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜਾ ਲਿਆ ਏ। ਉਨਾਂ ਕਿਹੈ ਕਿ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਫਸਲ ਦੀ ਆਮਦ ਦੇ ਮਦੇਨਜ਼ਰ ਖ਼ਰੀਦ ਨਿਰਵਿਘਨ ਚੱਲ ਰਹੇ ਨੇ ਤੇ ਚੁਕਾਈ

ਦਾ ਕੰਮ ਵੀ ਪੂਰੇ ਜੋਰਾਂ ਤੇ ਚੱਲ ਰਿਹਾ ਏ। ਸੂਬੇ ਦੀਆਂ ਮੰਡੀਆਂ ਵਿਚ 101.15 ਲੱਖ ਮੀਟ੍ਰਿਕ ਟਨ ਝੋਨੇ ਦੀ ਫਸਲ ਦੀ ਆਮਦ ਹੋ ਚੁੱਕੀ ਏ, ਜਿਸ ਵਿੱਚੋਂ 95.91 ਲੱਖ ਮੀਟ੍ਰਿਕ ਟਨ ਦੀ ਖਰੀਦ ਵੀ ਹੋ ਚੁੱਕੀ ਏ ਅਤੇ 48 ਲੱਖ ਮੀਟ੍ਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਏ। ਉਨਾਂ ਅਗੇ ਦੱਸਿਆ ਕਿ ਖਰੀਦ ਕਾਰਜਾਂ ਨੂੰ ਨੇਪਰੇ ਚਾੜ੍ਹਣ ਲਈ ਪੰਜਾਬ ਦੀਆਂ 1818 ਮੰਡੀਆਂ ਤੇ 1340 ਆਰਜੀ ਖਰੀਦ ਕੇਂਦਰਾਂ ਸਮੇਤ ਕੁੱਲ 3158 ਖਰੀਦ ਕੇਂਦਰਾਂ ਵਿੱਚ ਪੀਣ ਯੋਗ ਸਾਫ਼ ਪਾਣੀ, ਬਿਜਲੀ ਦੀਆਂ ਲਾਈਟਾਂ, ਸਾਫ਼-ਸਫਾਈ, ਬਾਥਰੂਮਾਂ, ਛਾਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਨੇ।